# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 06 ਸਤੰਬਰ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਚੜ੍ਹਦੀਕਲਾ ਬਰੱਦਰਹੁੱਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਰੀ ਮੇਅਰ ਬ੍ਰੈਂਡਾ ਲੌਂਕ ਨਾਲ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 6 ਸਤੰਬਰ :ਬੀਤੇ ਦਿਨ ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਦੀ ਕੋਰ ਕਮੇਟੀ ਵੱਲੋਂ ਸਰੀ ਦੀ ਮੇਅਰ ਬ੍ਰੈਂਡਾ ਲੌਂਕ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਮੇਅਰ ਨੇ ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਦੇ ਮੈਂਬਰਾ ਨਾਲ ਜਾਣ ਪਹਿਚਾਣ ਕੀਤੀ ਅਤੇ ਉਨਾਂ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਐਸੋਸੀਏਸ਼ਨ ਵੱਲੋਂ ਰੱਖੇ ਜਨਤਕ ਮੁੱਦਿਆਂ ਨੂੰ ਵੀ ਗੰਭੀਰਤਾ ਨਾਲ ਸੁਣਿਆ।

ਐਸੋਸੀਏਸ਼ਨ ਦੇ ਫਾਊਂਡਰ ਡਾਇਰੈਕਟਰ ਡਾ. ਜਸਵਿੰਦਰ ਸਿੰਘ ਦਿਲਾਵਰੀ ਨੇ ਮੇਅਰ ਨੂੰ ਐਸੋਸੀਏਸ਼ਨ ਦੇ ਕਾਰਜਾਂ ਦੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਅਤੇ ਮੇਅਰ ਬ੍ਰੈਂਡਾ ਲੌਂਕ ਨੇ ਐਸੋਸੀਏਸ਼ਨ ਦੇ ਇਹਨਾਂ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਡਾ. ਦਿਲਾਵਰੀ ਨੇ ਸ਼ਹਿਰ ਵਿੱਚ ਸੜਕ ਸੁਰੱਖਿਆ ਦਾ ਮੁੱਦਾ ਉਠਾਇਆ ਅਤੇ ਕੁੱਝ ਰਸਤਿਆਂ ਉਤੇ ਆਵਾਜਾਈ ਨੂੰ ਕੰਟਰੋਲ ਕਰਨ ਵਾਲੀਆਂ ਲਾਈਟਾਂ ਲਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹਨਾਂ ਰਸਤਿਆਂ ਉਤੇ ਹਰ ਪਲ ਐਕਸੀਡੈਂਟ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਐਸੋਸੀਏਸ਼ਨ ਵੱਲੋਂ ਸ਼ਹਿਰ ਦੇ ਕਿਸੇ ਪਾਰਕ ਜਾਂ ਸੜਕ ਦਾ ਨਾਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ਉਤੇ ਰੱਖਣ ਸਬੰਧੀ ਚਰਚਾ ਕੀਤੀ ਗਈ ਤਾਂ ਕਿ ਇੱਥੋਂ ਦੀ ਅਗਲੀ ਪੀੜੀ ਸ਼ਹੀਦ ਖਾਲੜਾ ਦੀ ਜੱਦੋਜਹਿਦ ਅਤੇ ਬਲੀਦਾਨ ਤੋਂ ਸੇਧ ਲੈ ਸਕੇ।

ਮੇਅਰ ਬ੍ਰੈਂਡਾ ਲੌਂਕ ਨੇ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਕਾਰਜਾਂ ਲਈ ਹਰ ਤਰਾਂ ਦਾ ਸਹਿਯੋਗ ਅਤੇ ਚਰਚਿਤ ਮੁੱਦਿਆਂ ਉਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਭਰੋਸਾ ਦੁਆਇਆ। ਇਸ ਮੀਟਿੰਗ ਵਿਚ ਐਸੋਸੀਏਸ਼ਨ ਦੇ ਮੈਂਬਰ ਬਲਜੀਤ ਸਿੰਘ ਰਾਏ, ਅਵਤਾਰ ਸਿੰਘ ਧਨੋਆ, ਹਰਪ੍ਰੀਤ ਸਿੰਘ ਮਾਨਕਟਲਾ, ਇੰਦਰਜੀਤ ਸਿੰਘ ਲੱਧੜ, ਹਰਵਿੰਦਰ ਸਿੰਘ, ਨਿਰੰਜਨ ਸਿੰਘ ਲੇਹਲ ਅਤੇ ਦਮਨਦੀਪ ਸਿੰਘ ਸ਼ਾਮਲ ਹੋਏ।

## ਇਹ ਜੰਗ ਵੀ ਜਿੱਤ ਲਵਾਂਗੇ



ਛੱਡੀਏ ਨਾ ਜੇ ਅਸੀਂ ਹੌਸਲਾ,
ਕੋਈ ਮੁਸ਼ਕਿਲ ਖੜ੍ਹ ਨਹੀਂ ਸਕਦੀ।
ਜਿੱਤ ਲੈਣੀ ਹੈ ਜੰਗ ਅਸਾਂ ਨੇ,
ਕੋਈ ਰੁਕਾਵਟ ਅੜ ਨਹੀਂ ਸਕਦੀ।

ਫਸਲ ਡੁੱਬ ਗਈ ਤਾਂ ਕੀ ਹੋਇਆ,
ਭੈੜਾ ਕਿੰਨਾ ਹੜ੍ਹ ਆਇਆ ਏ।
ਰਾਵੀ, ਸਤਿਲੁਜ ਫਿਰਨ ਆਫ਼ਰੇ,
ਪਾਣੀ ਕਿੰਨਾ ਚੜ੍ਹ ਆਇਆ ਏ।

ਛੱਤਾਂ ਡਿੱਗੀਆਂ, ਘਰ ਵੀ ਢਹਿ ਗਏ,
ਖਿੱਲਰ ਗਿਆ ਹੈ ਤੀਲਾ ਤੀਲਾ।
ਦੁਖ ਸੁਖ ਤਾਂ ਆਉਂਦੇ ਹੀ ਰਹਿੰਦੇ,
ਜੀਣੇ ਦਾ ਕੋਈ ਕਰੀਏ ਹੀਲਾ।

ਟੁੱਟੇ ਡੈਮ ਤੇ ਮੀਂਹ ਜ਼ੋਰਾਂ ਦਾ,
ਰੱਬ ਨੇ ਵੀ ਤਾਂ ਹੱਦ ਹੀ ਕਰ 'ਤੀ।
ਮੁੱਕ ਗਏ ਸਾਨੂੰ ਮਾਰਨ ਵਾਲੇ,
ਇਹ ਪੰਜਾਬ ਗੁਰਾਂ ਦੀ ਧਰਤੀ।

ਵਾਰ ਦਿੱਤਾ ਸਰਬੰਸ ਗੁਰੂ ਨੇ,
ਦੱਸਿਆ ਸਾਨੂੰ ਹੱਸ ਕੇ ਜਰਨਾ।
ਦੂਜਿਆਂ ਲਈ ਜੋ ਕਰ ਜਾਂਦੇ ਨੇ,
ਇਹਨੂੰ ਕਹਿੰਦੇ ਅਸਲੀ ਮਰਨਾ।

ਮੋਢੇ ਦੇ ਨਾਲ ਜੋੜ ਕੇ ਮੋਢਾ,
ਇੱਕ ਦੂਜੇ ਦਾ ਬਣੋ ਸਹਾਰਾ।
ਇਸਤੋਂ ਵੱਡੀ ਭਗਤੀ ਹੈ ਨਹੀਂ,
ਡੁੱਬ ਰਹੇ ਨੂੰ ਦਿਓ ਕਿਨਾਰਾ।

ਢੇਰੀ ਢਾਹ ਕੇ ਕੁਝ ਨਹੀਂ ਹੋਣਾ,
ਚੜ੍ਹਦੀ ਕਲਾ 'ਚ ਰਹਿਣਾ ਸਿੱਖੀਏ।
ਜ਼ਿੰਦਗੀ ਰਹੀ ਤਾਂ ਫੇਰ ਉਠਾਂਗੇ,
ਮੁਸ਼ਕਿਲ ਦੇ ਨਾਲ ਖਹਿਣਾ ਸਿੱਖੀਏ।

ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

## ਬੜਾ ਔਖਾ ਹੁੰਦਾ

ਬੜਾ ਔਖਾ ਹੁੰਦਾ
ਵਿਸ਼ਵਾਸ਼ ਤੇ ਹੌਸਲੇ ਦੀ ਬਾਂਹ ਫੜ
ਰੇਤ ਦੇ ਟਿੱਬਿਆਂ ਤੇ ਮੁੜ
ਜ਼ਿੰਦਗੀ ਦੀ ਇਬਾਰਤ ਲਿਖਣਾ।

ਬੜਾ ਔਖਾ ਹੁੰਦਾ
ਦਰਿਆਵਾਂ ਦੀਆਂ ਲਹਿਰਾਂ ਦੇ
ਨਾਦ ਦੀ ਗੱਲ ਕਰਨਾ
ਉਹ ਵੀ ਉਦੋਂ
ਜਦੋਂ ਚੜ੍ਹੇ ਹੋਣ ਦਰਿਆ
ਬਿਫਰੇ ਹੋਣ ਪਾਣੀ।

ਬੜਾ ਔਖਾ ਹੁੰਦਾ
ਤੁਰਨ ਲੱਗਿਆਂ
ਭਰੇ-ਭਰਾਏ ਘਰ ਨੂੰ
ਡੁਬਦੇ ਦੇਖਣਾ
ਆਪਣੇ ਆਲ੍ਹਣੇ ਨੂੰ
ਰੁੜ੍ਹਦੇ ਦੇਖਣਾ।

ਬੜਾ ਔਖਾ ਹੁੰਦਾ
ਨਿੱਕੀ ਦੀ ਦਾਜ-ਵਰੀ
ਮਾਂ ਦੇ ਸੁਪਨੇ ਤੇ
ਬਾਪੂ ਦੀ ਜੀਵਨ ਭਰ ਦੀ
ਖੂਨ-ਪਸੀਨੇ ਦੀ ਕਮਾਈ ਨੂੰ
ਪਲਾਂ 'ਚ
ਖੁਰਦੇ ਦੇਖਣਾ।

ਬੜਾ ਔਖਾ ਹੁੰਦਾ
ਸਾਬਤ ਕਦਮੀਂ ਰਹਿ
ਭਰਾਵਾਂ ਦੇ ਮੁਰਝਾਏ ਚਿਹਰੇ
ਭੈਣ ਦੀਆਂ ਅੱਖਾਂ ਦੇ ਹੰਝੂ
ਤੇ ਮਾਂ ਦੇ ਸਬਰ ਨੂੰ
ਡੋਲਦੇ ਦੇਖਣਾ।

ਬੜਾ ਔਖਾ ਹੁੰਦਾ
ਦੁੱਖ-ਸੁੱਖ ਦੇ ਭਾਈਵਾਲ
ਖੁਰਲੀਆਂ ਤੇ ਖੜ੍ਹੇ
ਬੇਜ਼ੁਬਾਨਿਆਂ ਦਾ ਫੜ ਸੰਗਲ
ਬਿਫਰੇ ਪਾਣੀਆਂ 'ਚ ਵੀ
ਕਿਨਾਰੇ ਲਈ ਜੱਦੋਜਹਿਦ ਕਰਨਾ।

ਬੜਾ ਔਖਾ ਹੁੰਦਾ
ਗੁਜਰੀ ਸੁਨਾਮੀਂ ਮਗਰੋਂ
ਹਰ ਤਰਫ ਪੱਸਰੀ ਰੇਤ 'ਚੋਂ
ਖੇਤਾਂ ਨੂੰ ਲੱਭਣਾ
ਘਰਾਂ ਨੂੰ ਤਲਾਸ਼ਣਾ।

ਬੜਾ ਔਖਾ ਹੁੰਦਾ
ਜ਼ਿੰਦਗੀ 'ਚ ਭਰੋਸਾ ਬਣਾਈ
ਰੇਤ ਦੇ ਪਸਾਰ ਤੇ ਮੁੜ
ਜਿਉਣ ਦੀ ਇਬਾਰਤ
ਲਿਖਣਾ 'ਚ ਜੁਟ ਜਾਣਾ।

ਵਰਲਡ ਪੰਜਾਬੀ ਟਾਈਮਜ਼ ਜਗਤਾਰ ਸਿੰਘ ਹਿੱਸੋਵਾਲ

## ਲਾਇਨਜ਼ ਕਲੱਬ ਵਿਸ਼ਾਲ ਨੇ 22 ਅਧਿਆਪਕਾਂ ਨੂੰ ਸਨਮਾਨਿਤ ਕਰਕੇ ਮਨਾਇਆ 'ਅਧਿਆਪਕ ਦਿਵਸ'

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ, 6 ਸਤੰਬਰ : ਲਾਇਨਜ਼ ਇੰਟਰਨੈਸ਼ਨਲ ਦੀ ਸ਼ਾਖਾ ਲਾਇਨਜ਼ ਕਲੱਬ ਫ਼ਰੀਦਕੋਟ ਵਿਸ਼ਾਲ ਨੇ ਅੱਜ ਅਧਿਆਪਕ ਦਿਵਸ-2025 ਬਹੁਤ ਹੀ ਸਾਦੇ ਪਰ ਪ੍ਰਭਾਵਸ਼ਾਲੀ ਢੰਗ ਨਾਲ ਸਥਾਨਕ ਅਫ਼ਸਰ ਕਲੱਬ ਫ਼ਰੀਦਕੋਟ ਵਿਖੇ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਬਿਰਗੇਡੀਅਰ ਸੌਰਵ ਭੱਟ ਸਟੇਸ਼ਨ ਕਮਾਂਡਰ ਫ਼ਰੀਦਕੋਟ ਸ਼ਾਮਲ ਹੋਏ। ਸਮਾਗਮ 'ਚ ਸਤਿਕਾਰਤ ਮਹਿਮਾਨਾਂ ਵਜੋਂ ਕਰਨਲ ਅਮਰਪ੍ਰੀਤ ਸਿੰਘ ਗਿੱਲ, ਮਿਸਟਰ ਪਾਰਥ ਭੱਟ ਸ਼ੋਸ਼ਲ ਰਿਫ਼ੋਰਮਰ, ਕੈਪਟਨ ਸਚਿਨ ਕੁਮਾਰ ਸ਼ਾਮਲ ਹੋਏ। ਸਨਮਾਨ ਸਮਾਗਮ 'ਚ ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫ਼ਰੀਦਕੋਟ, ਐਕਸੀਅਨ ਰਾਕੇਸ਼ ਕੰਬੋਜ਼ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਲਾਇਨਜ਼ ਕਲੱਬ ਫ਼ਰੀਦਕੋਟ ਵਿਸ਼ਾਲ ਦੇ ਪ੍ਰਧਾਨ ਅਮਰਦੀਪ ਸਿੰਘ ਗਰੋਵਰ, ਪ੍ਰੋਜੈਕਟ ਚੇਅਰਮੈਨ ਪ੍ਰਿੰਸੀਪਲ ਡਾ.ਐਸ.ਐਸ.ਬਰਾੜ ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ, ਸਕੱਤਰ ਐਡਵੋਕੇਟ ਦਿਲਦੀਪ ਸਿੰਘ ਪਟੇਲ, ਸੀਨੀਅਰ



ਕਲੱਬ ਲੀਡਰ ਡਾ. ਸੰਜੀਵ ਗੋਇਲ ਮੈਨੇਜਿੰਗ ਡਾਇਰੈਕਟਰ ਮਧੂ ਨਰਸਿੰਗ ਹੋਮ-ਚੰਡੀਗੜ੍ਹ ਅੱਖਾਂ ਦਾ ਹਸਪਤਾਲ, ਡਾ. ਐਸ.ਐਸ. ਬਰਾੜ ਮੈਨੇਜਿੰਗ ਡਾਇਰੈਕਟਰ ਬਰਾੜ ਹਸਪਤਾਲ ਫ਼ਰੀਦਕੋਟ, ਰਾਜੀਵ ਕੁਮਾਰ ਅਰੋੜਾ, ਰੋਹਿਤ ਅਰੋੜਾ ਪ੍ਰੋਪਰਾਈਟਰ ਏ.ਬੀ. ਬੁੱਕਸ ਨੇ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ 'ਚ ਪੰਜਾਬ ਦੇ ਹੜ੍ਹ ਪੀੜਤਾਂ ਦੇ ਹਲਾਤ ਜਲਦ ਆਮ ਵਾਂਗ ਹੋਣ ਵਾਸਤੇ ਸਭ ਨੇ ਮਿਲ ਕੇ ਅਰਦਾਸ ਕੀਤੀ। ਇਸ ਮੌਕੇ ਕਲੱਬ ਵੱਲੋਂ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਆਪੋ-ਆਪਣੀ ਸਮਰੱਥਾ ਅਨੁਸਾਰ ਸਹਾਇਤਾ ਕਰਨ ਵਾਸਤੇ ਕਾਰਜ ਕਰਨ ਦੀ ਅਪੀਲ ਕੀਤੀ ਗਈ। ਕਲੱਬ ਦੇ ਪ੍ਰਧਾਨ ਅਮਰਦੀਪ ਸਿੰਘ ਗਰੋਵਰ ਨੇ ਸਭ ਨੂੰ ਜੀ ਆਇਆਂ ਨੂੰ ਆਖਦਿਆਂ ਅਧਿਆਪਕ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਸ਼ੋਸ਼ਲ ਰਿਫ਼ੋਰਮਰ ਮਿਸਟਰ ਪਾਰਥ ਭੱਟ ਨੇ ਸਿੱਖਿਆ ਦਾ ਉਦੇਸ਼ ਸਭ ਦਾ ਕਲਿਆਣ ਕਰਨਾ, ਵਾਤਾਵਰਨ ਦੀ ਸਿੱਖਿਆ ਵਿਸ਼ਿਆਂ ਤੇ ਬਹੁਤ ਸ਼ਾਨਦਾਰ ਪੀ.ਪੀ.ਟੀ. ਰਾਹੀਂ ਜਾਣਕਾਰੀ ਪ੍ਰਦਾਨ ਕੀਤੀ। ਮੁੱਖ ਮਹਿਮਾਨ ਕਰਨਲ ਬਿਰਗੇਡੀਅਰ ਸੌਰਵ ਭੱਟ ਨੇ ਕਿਹਾ ਹਰ ਮਹਾਨ ਇਨਸਾਨ ਦੀ ਜ਼ਿੰਦਗੀ ਨੂੰ ਬਣਾਉਣ ਦਾ ਸਿਹਰਾ ਉਸ ਦੇ ਅਧਿਆਪਕਾਂ ਦੇ ਸਿਰ ਹੁੰਦਾ ਹੈ। ਅਧਿਆਪਕ ਹਰ ਦੌਰ 'ਚ, ਹਰ ਚਣੌਤੀ ਨੂੰ ਸਵੀਕਾਰ ਕਰਕੇ ਆਪਣੀ ਵਿਦਿਆਰਥੀਆਂ ਨੂੰ ਸਫ਼ਲਤਾ ਦੀ ਮੰਜ਼ਿਲਾਂ ਤੱਕ ਪਹੁੰਚਾਉਂਦਾ ਹੈ। ਉਨ੍ਹਾਂ ਵਿਦਿਆਰਥੀਆਂ ਦਾ ਭਾਰਤੀ ਫ਼ੌਜ ਅੰਦਰ ਕਰੀਅਰ ਬਣ ਸਬੰਧੀ ਵੀ ਜਾਣਕਾਰੀ ਦਿੰਦਿਆਂ ਕਿਹਾ ਸਾਨੂੰ ਸਭ ਨੂੰ ਮਿਲ ਕੇ ਵਿਦਿਆਰਥੀਆਂ ਦਾ ਅੱਗੇ ਵਧਣ ਦਾ ਹਰ ਸੁਪਨਾ ਪੂਰਾ ਕਰਨ ਵਾਸਤੇ ਸੁਹਿਰਦਤਾ ਨਾਲ ਯਤਨ ਕਰਨੇ ਚਾਹੀਦੇ ਹਨ। ਇਸ ਸਮੇਂ ਅੱਖਾਂ ਦੇ ਮਾਹਿਰ ਡਾ.ਸੰਜੀਵ ਗੋਇਲ ਨੇ ਆਪਣੀ ਨਿੱਜੀ ਅਨੁਭਵ ਦੱਸਦਿਆਂ ਕਿਹਾ ਹਰ ਦੌਰ 'ਚ ਸਾਨੂੰ ਅਧਿਆਪਕ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਮਾਤਾ-ਪਿਤਾ ਅਤੇ ਅਧਿਆਪਕਾਂ ਦੇ ਸਾਨੂੰ ਕਦੇ ਵੀ ਬਦਲ ਨਹੀਂ ਮਿਲ ਸਕੇਗਾ। ਸਮਾਗਮ ਦੌਰਾਨ ਅਧਿਆਪਕਾਂ ਵੱਲੋਂ ਜਸਬੀਰ ਸਿੰਘ ਜੱਸੀ ਜ਼ਿਲਾ ਗਾਈਡੈਂਸ ਕਾਊਂਸਲਰ ਫ਼ਰੀਦਕੋਟ ਨੇ ਅਜੋਕੇ ਦੌਰ 'ਚ ਅਧਿਆਪਕ ਦੀ ਭੂਮਿਕਾ 'ਤੇ ਵਿਚਾਰ ਪੇਸ਼ ਕਰਦਿਆਂ ਕਲੱਬ ਦੇ ਇਸ ਖੂਬਸੂਰਤ ਉਪਰਾਲੇ ਲਈ ਸਮੂਹ ਕਲੱਬ ਅਹੁਦੇਦਾਰਾਂ-ਮੈਂਬਰਾਨ ਨੂੰ ਵਧਾਈ ਦਿੱਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਸਮਾਗਮ ਦੇ ਚੇਅਰਮੈਨ ਪ੍ਰਿੰਸੀਪਲ ਡਾ. ਐਸ.ਐਸ. ਬਰਾੜ ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਨੇ ਕਿਹਾ ਅਧਿਆਪਕ ਸਮਾਜ ਦਾ ਸਿਰਜਕ ਹੈ। ਉਹ ਹਮੇਸ਼ਾ ਸਮਾਜ ਨੂੰ ਨਵੇਂ ਰਾਹ ਵਿਖਾਉਂਦਾ ਹੈ। ਉਨ੍ਹਾਂ ਕਿਹਾ ਹਰ ਅਧਿਆਪਕ ਨੂੰ ਆਪਣੇ ਅਧਿਆਪਕ ਹੋਣ ਤੇ ਮਾਣ ਹੋਣਾ ਚਾਹੀਦਾ ਹੈ। ਉਨ੍ਹਾਂ ਅਧਿਆਪਕ ਦੀ ਮਹੱਤਤਾ ਸਬੰਧੀ ਉਦਹਾਰਣਾਂ ਦਿੰਦਿਆਂ ਅਧਿਆਪਕਾਂ ਅੰਦਰ ਅਧਿਆਪਨ ਪ੍ਰਭਾਵਸ਼ਾਲੀ ਬਣਾਉਣ ਤੇ ਸਮਾਜ ਦੇ ਕਲਿਆਣ ਲਈ ਨਵਾਂ ਜੋਸ਼ ਭਰਿਆ। ਕਲੱਬ ਦੇ ਸਟੇਟ ਐਵਾਰਡੀ ਪੀ.ਆਰ.ਓ. ਗੁਰਵਿੰਦਰ ਸਿੰਘ ਧੀਂਗੜਾ ਨੇ ਅਧਿਆਪਕ ਦਿਵਸ ਦੀ ਮਹੱਤਤਾ, ਅਧਿਆਪਨ ਨਾਲ ਜੁੜੀਆਂ ਕਥਾਵਾਂ, ਢੁੱਕਵੀਂ ਸ਼ੇਅਰੋ ਸ਼ਾਇਰੀ ਨਾਲ ਇਸ ਸਮਾਗਮ ਨੂੰ ਸ਼ੁਰੂ ਤੋਂ ਅੰਤ ਤੱਕ ਰੌਚਕ ਬਣਾਈ ਰੱਖਿਆ। ਇਸ ਮੌਕੇ ਸੇਵਾਮੁਕਤ ਅਧਿਆਪਕ ਵਿਸ਼ਵਜੀਤ ਸਿੰਘ ਡੇਜ਼ੀ ਨੇ ਸਮੇਂ ਦੀ ਨਜ਼ਾਕਤ ਸਮਝਦਿਆਂ ਹਿੰਦੀ ਗੀਤ ਗਾ ਕੇ ਸਭ ਨੂੰ ਦਾਦ ਦੇਣ ਲਈ ਮਜ਼ਬੂਰ ਕੀਤਾ। ਕਲੱਬ ਸਕੱਤਰ ਐਡਵੋਕੇਟ ਦਿਲਦੀਪ ਸਿੰਘ ਪਟੇਲ ਨੇ ਕਲੱਬ ਦੀ ਰਿਪੋਰਟ ਪੇਸ਼ ਕੀਤੀ। ਇਸ ਸਨਮਾਨ ਸਮਾਗਮ ਦੌਰਾਨ ਸਹਾਇਕ ਡਾਇਰੈਕਟਰ ਗੁਰਪ੍ਰੀਤ ਸਿੰਘ ਜੋਤੀ ਸਰਕਾਰੀ ਆਈ.ਟੀ.ਆਈ. ਫ਼ਰੀਦਕੋਟ, ਪ੍ਰਿੰਸੀਪਲ ਡਾ. ਐਸ.ਐਸ. ਬਰਾੜ ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ, ਹੈਡ ਮਿਸਟਰੈਸ ਪਰਮਜੀਤ ਕੌਰ ਸਰਕਾਰੀ ਹਾਈ ਸਕੂਲ ਜਲਾਲੇਆਣਾ, ਡਾ. ਸ਼ਾਲਿਨੀ ਗਰਗ ਹੈਡ ਆਫ਼ ਡਿਪਾਰਟਮੈਂਟ ਅੰਗਰੇਜ਼ੀ ਵਿਭਾਗ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ, ਡਾ. ਅਨੀਤਾ ਕੱਕੜ ਪ੍ਰੋਫ਼ੈਸਰ ਦਸਮੇਸ਼ ਡੈਂਟਲ ਕਾਲਜ, ਜਸਬੀਰ ਸਿੰਘ ਜੱਸੀ ਪੰਜਾਬੀ ਮਾਸਟਰ ਸਰਕਾਰੀ ਮਿਡਲ ਸਕੂਲ ਪੱਕਾ, ਰਵਿੰਦਰ ਕੌਰ ਹਿੰਦੀ ਮਿਸਟਰੈਸ ਸਰਕਾਰੀ ਮਿਡਲ ਸਕੂਲ ਬੇਸਿਕ ਫ਼ਰੀਦਕੋਟ, ਇੰਦੂ ਦੇਵਗਣ ਹਿੰਦੀ ਮਿਸਟਰੈਸ ਸਰਕਾਰੀ ਸੀ.ਸੈ. ਸਕੂਲ ਸ਼ੇਰ ਸਿੰਘ ਵਾਲਾ, ਅਲਕਾ ਰਾਣੀ ਪ੍ਰਾਇਮਰੀ ਅਧਿਆਪਿਕਾ ਸਰਕਾਰੀ ਪ੍ਰਾਇਮਰੀ ਸਕੂਲ ਘੁਗਿਆਣਾ, ਈਸ਼ਾ ਸੁਖੀਜਾ ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ, ਸੀਮਾ ਸ਼ਰਮਾ ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ, ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਦੇ ਅੰਮ੍ਰਿਤਪਾਲ ਕੌਰ ਖੋਸਾ, ਮੀਨਾਕਸ਼ੀ ਗਰਗ ਹੈਡ ਆਫ਼ ਸਟੈਮ, ਰਮਨਦੀਪ ਕੌਰ ਖਹਿਰਾ ਪੰਜਾਬੀ ਅਧਿਆਪਕਾ, ਗਨੀਆ ਗੋਇਲ ਏ.ਆਈ. ਐਜੂਕੇਟਰ, ਕੁਮਦ ਗਰਗ ਕੋਆਰਡੀਨੇਟਰ ਪ੍ਰਾਇਮਰੀ ਵਿੰਗ, ਹਰਜਿੰਦਰ ਕੌਰ ਪ੍ਰਾਇਮਰੀ ਅਧਿਆਪਿਕਾ, ਕਰਮਜੀਤ ਕੌਰ, ਸੇਵਾ ਮੁਕਤ ਅਧਿਆਪਕਾਂ 'ਚ ਬਿੰਦਰਪਾਲ ਕੌਰ ਸਾਇੰਸ ਮਿਸਟੈਸ, ਵਿਸ਼ਵਜੀਤ ਸਿੰਘ ਡੇਜ਼ੀ ਐਸ.ਐਸ. ਮਾਸਟਰ, ਸਟੇਟ ਐਵਾਰਡੀ ਗੁਰਵਿੰਦਰ ਸਿੰਘ ਧੀਂਗੜਾ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੀ ਸਫ਼ਲਤਾ ਵਾਸਤੇ ਡਾ. ਗੁਰਸਵੇਕ ਸਿੰਘ, ਸਵਰਨਜੀਤ ਸਿੰਘ ਗਿੱਲ, ਡਾ. ਹਰਜਿੰਦਰ ਸਿੰਘ ਖੋਸਾ, ਬਲਦੇਵ ਤੇਰੀਆ, ਡਾ. ਜਗਰਾਜ ਸਿੰਘ, ਰਵੀ ਸੇਠੀ, ਯੁਗੇਸ਼ ਗਰਗ, ਡਾ. ਵਿਕਾਸ ਜਿੰਦਲ, ਐਡਵੋਕੇਟ ਗਗਨ ਸੁਖੀਜਾ, ਹਰਿੰਦਰ ਦੂਆ, ਵਿਸ਼ਾਲ ਸ਼ਰਮਾ, ਸਮੇਸ਼ਰ ਸਿੰਘ, ਵਿਨੋਦ ਮਿੱਤਲ, ਰਾਜੇਸ਼ ਧੀਂਗੜਾ ਨੇ ਸਮਾਗਮ ਦੀ ਸਫ਼ਲਤਾ ਵਾਸਤੇ ਅਹਿਮ ਭੂਮਿਕਾ ਅਦਾ ਕੀਤੀ।

## ਇਹ ਜਿੰਦਗੀ ਪੂਰੀ ਵੀ ਹੈ ਤੇ ਅਧੂਰੀ ਵੀ ਹੈ,

ਮੈਂ ਲਿਖਦੀ ਹਾਂ ਇਸ ਦੇ ਕਿੱਸੇ।
ਕਦੀ ਤਾਂ ਮੈਂ ਇਸ ਜਿੰਦਗੀ ਵਿੱਚ ਜ਼ਹਿਰਾਂ ਦੇ ਘੁੱਟ ਪੀਤੇ,
ਕਦੀ ਮੈਂ ਇਸ ਜਿੰਦਗੀ ਵਿੱਚ ਸ਼ਹਿਦ ਤੋਂ ਵੱਧ ਸਵਾਦ ਚਖੇ।
ਮੇਰੇ ਆਪਣੇ ਸਾਹਾਂ ਦੇ ਕੌੜੇ ਸੱਚ ਕਿਸੇ ਕੋਲੋ ਪੜ੍ਹੇ ਨਹੀਂ ਜਾਣੇ,
ਝੂਠੇ ਹੀ ਕਸੀਦੇ ਜਿਹੇ ਲਫਜ਼ਾਂ ਨੂੰ ਲਿਖਣੇ ਨੇ।
ਬਹੁਤ ਹੀ ਸੋਹਲ ਜਿਹੇ ਦਰਦ ਇਹ ਹਨ,
ਫੁੱਲਾਂ ਵਰਗੇ ਹਾਸੇ ਵੀ ਹੁਣ ਪੀੜਾਂ ਦਿੰਦੇ ਹਨ।
ਜ਼ਖਮ ਤਾਂ ਭਰ ਹੀ ਜਾਣ ਗੇ ਮੇਰੇ,
ਖੁਸ਼ੀਆਂ ਦੇ ਦਾਗ਼ ਨਾ ਮਿਟਣੇ ਨੇ ਕਦੀ।
ਕਦੀ ਮੇਰੇ ਚਿਹਰੇ ਤੇ ਗਮ ਨਾ ਲਭਣੇ,
ਇਹ ਤਾਂ ਮੈਂ ਵਰਕਿਆਂ ਤੇ ਲਿਖਣੇ ਹਨ।
ਇਹ ਜ਼ਿੰਦਗੀ ਪੂਰੀ ਵੀ ਹੈ ਤੇ ਅਧੂਰੀ ਵੀ ਹੈ।।

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

## ਰਹਿਮਤ ਦਾ ਮੀਂਹ

ਅੱਖ ਗਰੀਬ ਦੀ ਭਰ ਭਰ ਡੁੱਲ੍ਹੇ
ਵਸਦੇ ਘਰਾਂ ਦੇ ਬੁਝ ਗਏ ਚੁੱਲ੍ਹੇ

ਜਿੱਧੁਰ ਦੇਖਾਂ ਓਧੁਰ ਦਿਸਦਾ ਪਾਣੀ
ਲੱਗਦਾ ਹੈ ਹੋਗੀ ਖਤਮ ਕਹਾਣੀ

ਖਾਂਣ ਲਈ ਨਾ ਕਿਧਰੇ ਲੱਭਦੀ ਰੋਟੀ
ਲੱਗਦਾ ਹੈ ਕਿਸਮਤ ਹੋ ਗਈ ਖੋਟੀ

ਤੇਰੀਆਂ ਦਾਤਿਆ ਤੂੰ ਆਪ ਹੀ ਜਾਣੇਂ
ਭੁੱਖੇ ਵਿਲਕਣ ਪਏ ਬਾਲ ਨਿਆਣੇਂ

ਗਿਆ ਨਾ ਕੋਈ ਕਦੇ ਜੱਗ ਤੋਂ ਮੁੜਿਆ
ਪਾਣੀ ਵਿੱਚ ਸਾਰਾ ਕੁਝ ਸਾਡਾ ਰੁੜ੍ਹਿਆ

ਹੱਥ ਜੋੜਕੇ ਸਿੱਧੂ ਪਿਆ ਮਿੰਨਤ ਕਰੇ
ਚਰਨਾਂ ਵਿੱਚ ਤੇਰੇ ਆਪਣਾਂ ਸੀਸ ਧਰੇ

ਕਾਲ਼ੇ ਬੱਦਲ਼ ਹੁਣ ਹਟਾਦੇ ਰੱਬਾ
ਮੀਂਹ ਰਹਿਮਤ ਦਾ ਵਰਸਾਦੇ ਰੱਬਾ

ਮੀਤਾ ਹੱਥ ਜੋੜਕੇ ਕਰੇ ਅਰਜੋਈ
ਤੇਰੇ ਬਾਜ ਨਾ ਮੇਰਾ ਦਰਦੀ ਕੋਈ

ਵਰਲਡ ਪੰਜਾਬੀ ਟਾਈਮਜ਼ ਅਮਰਜੀਤ ਸਿੰਘ ਸਿੱਧੂ

## ਜੰਗ ਅਤੇ ਹੜ

ਢਹਿ ਗਏ ਜਿੰਨਾਂ ਦੇ ਰੈਣ ਬਸੇਰੇ
ਉਹ ਕਿਧਰ ਨੂੰ ਜਾਵਣ ਹੂ।
..............................................

ਰੁੜ ਗਏ ਪਾਣੀ ਦੇ ਵਿੱਚ ਭੜੋਲੇ
ਭੁੱਖੇ ਢਿੱਡ ਕੀ ਖਾਵਣ ਹੂ।
..............................................

ਬੈਠ ਛੱਤਾਂ ਤੇ ਕਰਨ ਉਡੀਕਾਂ
ਆਸ ਦੀ ਕਿਰਨ ਜਗਾਵਣ ਹੂ।
..............................................

ਪਹਿਲਾਂ ਬਚੇ ਮਸਾਂ ਜੰਗ ਦੇ ਕੋਲੋਂ
ਹੁਣ ਕਿੱਥੇ ਕੀ ਲੁਕਾਵਣ ਹੂ।
..............................................

ਕੋਈ ਡਾਡ ਫ਼ਰਿਆਦ ਨਾ 'ਪੱਤੋ'
ਰੱਬੀ ਹੁਕਮ ਵਜਾਵਣ ਹੂ।
..............................................

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਛੱਤ ਗਰੀਬ ਦੀ

ਬਿਨ ਮੌਸਮ ਬਰਸਾਤ ਹੋਣ ਸੀ ਲੱਗੀ
ਛੱਤ ਗਰੀਬ ਦੀ ਚੋਣ ਸੀ ਲੱਗੀ
ਗ਼ਰੀਬ ਨੂੰ ਕੁਝ ਵੀ ਸਮ੍ਰਝ ਨੀ ਆਇਆ
ਵੇਹੜੇ ਬੈਠ ਸਵਾਨੀਂ ਰੋਂਨ ਸੀ ਲੱਗੀ
ਬਿਨ ਮੌਸਮ ਬਰਸਾਤ ਹੋਣ ਸੀ ਲੱਗੀ
ਛੱਤ ਗਰੀਬ ਦੀ ਚੋਣ ਸੀ ਲੱਗੀ



ਏਧ੍ਰਰ ਓਧ੍ਰਰ ਪਏ ਦੇਖਣ ਸਾਰੇ
ਕੋਈ ਭਾਰ ਗ਼ਮਾਂ ਦਾ ਢੋਂਣ ਸੀ ਲੱਗੀ
ਸਮ੍ਰਝ ਕਿਸੇ ਨੂੰ ਕੁਝ ਵੀ ਨੀ ਆਇਆ
ਦਿਲ ਆਪਣੇ ਨੂੰ ਟ੍ਰੋਣ ਸੀ ਲੱਗੀ
ਬਿਨ ਮੌਸਮ ਬਰਸਾਤ ਹੋਣ ਸੀ ਲੱਗੀ
ਛੱਤ ਗਰੀਬ ਦੀ ਚੋਣ ਸੀ ਲੱਗੀ

ਕਿਸ ਜਨਮ ਦਾ ਲੈਨੈਂ ਬਦਲਾ ਰੱਬਾ
ਕਹਿ ਧਾਹਾਂ ਮਾਰਕੇ ਰੋਂਣ ਸੀ ਲੱਗੀ
ਸਿੱਧੂ ਅੱਖੀਆਂ ਦੇ ਵਿੱਚ ਅੱਥਰੂ ਭਰਕੇ
ਜਿਸਮ ਦੇ ਜਖ਼ਮ ਦਖਾਓਂਣ ਸੀ ਲੱਗੀ
ਬਿਨ ਮੌਸਮ ਬਰਸਾਤ ਹੋਣ ਸੀ ਲੱਗੀ
ਛੱਤ ਗਰੀਬ ਦੀ ਚੋਣ ਸੀ ਲੱਗੀ

ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

ਮੀਤੇ, ਦੋਸ਼ ਕਿਸੇ ਨੂੰ ਦੇਣਾ ਕੀ ਹੈ
ਦਿਲ ਦੇ ਦਰਦ ਲਕੋਣ ਸੀ ਲੱਗੀ
ਕਰਮਾਂ ਦੇ ਨੇ ਸਭ ਸੁੱਖ ਸਹੂਲਤਾਂ
ਬੀ ਕਿਸਮਤ ਦੇ ਬੋਣ ਸੀ ਲੱਗੀ
ਬਿਨ ਮੌਸਮ ਬਰਸਾਤ ਹੋਣ ਸੀ ਲੱਗੀ
ਛੱਤ ਗਰੀਬ ਦੀ ਚੋਣ ਸੀ ਲੱਗੀ

## ਪਾਣੀ



ਹਜ਼ਾਰਾਂ ਮੀਲ ਦੂਰੀ ਤਕ ਹੈ ਏਦਾਂ ਵਰ੍ਹ ਗਿਆ ਪਾਣੀ।
ਮੈਂ ਕੀ ਦੱਸਾਂ ਕੀ ਨਾ ਦੱਸਾਂ ਤੇ ਕੀ-ਕੀ ਕਰ ਗਿਆ ਪਾਣੀ।

ਸਮਰਪਣ ਪਿਆਰ ਸੇਵਾ ਭਾਵ ਤੇ ਸਤਿਕਾਰ ਏਦਾਂ ਸੀ,
ਮਨੁਖ ਦੇ ਸਬਰ ਤੇ ਸੰਤੋਖ ਕੋਲੋਂ ਡਰ ਗਿਆ ਪਾਣੀ।

ਜਦੋਂ ਕੁਦਰਤ ਨੇ ਅਪਣਾ ਰੂਪ ਦੱਸਿਆ ਕਹਿਰ ਦੇ ਅੰਦਰ,
ਉਮੀਦਾਂ ਦੀ ਬੁਲੰਦੀ ਤੋਂ ਵੀਂ ਉਪਰ ਭਰ ਗਿਆ ਪਾਣੀ।

ਬੜੇ ਹੀ ਜੋਸ਼ ਵਿਚ ਆ ਕੇ ਫ਼ਨਾ ਘਰ-ਬਾਰ ਕਰ ਦਿੱਤੇ,
ਤੇ ਅਪਣੀ ਆਈ ਉਤੇ ਆ ਕੇ ਆਪੇ ਮਰ ਗਿਆ ਪਾਣੀ।

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਸਿਖਾਵੇ ਸਬਕ ਹੱਦਾਂ ਬੰਨਿਆਂ ਦੀ ਰਾਹਨੁਮਾਈ ਨੂੰ,
ਇਧਰ ਵੀ ਭਰ ਗਿਆ ਪਾਣੀ ਉਧਰ ਵੀ ਭਰ ਗਿਆ ਪਾਣੀ।

ਕਿਸੇ ਦੇ ਰਿਸਤਿਆਂ ਅੰਦਰ ਕਦੀ ਵੀ ਦਖ਼ਲ ਨਾ ਦੇਵੇ,
ਜਨੂੰ ਦੀ ਚਰਮ ਸੀਮਾਂ ਤੋਂ ਵੀਂ ਉਪਰ ਤਰ ਗਿਆ ਪਾਣੀ।

ਧਰਤ ਦੀ ਹੋਂਦ ਅੱਗੇ ਇਸ ਦੀ ਬਸ ਏਨੀਂ ਕੁ ਜ਼ੁਰਰਤ ਸੀ,
ਜ਼ਮਾਨਾ ਜਿੱਤ ਕੇ ਆਖ਼ਿਰਕਾਰ ਨੂੰ ਫਿਰ ਹਰ ਗਿਆ ਪਾਣੀ।

ਮਗਰ ਫਿਰ ਵੀ ਜ਼ਮਾਨੇ ਨੂੰ ਬਦਨ 'ਚੋਂ ਰੌਸ਼ਨੀ ਦੇਵੇ,
ਹਜ਼ਾਰਾਂ ਰੋਕਾਂ ਟੋਕਾਂ ਵਿਚ ਮੁਸੀਬਤ ਜਰ ਗਿਆ ਪਾਣੀ।

ਅਨੇਕਾਂ ਡੰਗ ਮਾਰੇ ਨੇ ਕੋਈ ਮਰਿਆ ਕੋਈ ਜਰਿਆ,
ਖੜੱਪੇ ਸੱਪ ਵਾਗੂੰ ਸ਼ੂਕਦਾ ਜਿੱਧਰ ਗਿਆ ਪਾਣੀ।

ਧਰਤ ਉਤੇ ਕਈ ਰਾਵਣ ਤੇ ਹਰਨਾਕਸ਼ ਵੀ ਆਏ ਨੇ,
ਹੜਾਂ ਦਾ ਰੂਪ ਲੈ ਕੇ ਫਿਰ ਕੁਪੱਤਾ ਮਰ ਗਿਆ ਪਾਣੀ।

ਜੇ ਅਪਣੇ ਵਾਸ਼ਪਣ ਦੇ ਅਸਰ ਕਰਕੇ ਲੀਨ ਹੋਇਆ ਹੈ,
ਬਣਾ ਕੇ ਪਾਣੀਆਂ 'ਚੋਂ ਹੋਂਦ ਅਪਣੇ ਘਰ ਗਿਆ ਪਾਣੀ।

ਵਹਾਉ ਦੀ ਕਦੀ ਅਪਣੀਂ ਉਹ ਆਦਤ ਬਦਲ ਨਾ ਸਕਿਆ,
ਜਿਧਰ ਤੋਂ ਰੋਕਿਆ ਉਸ ਨੂੰ ਉਧਰ ਅਕਸਰ ਗਿਆ ਪਾਣੀ।

ਗੁਰੂ ਬਣਿਆ ਪਿਤਾ ਬਣਿਆ ਜਾਂ ਬਣਿਆ ਹੋਂਦ ਜੀਵਨ ਦੀ,
ਹਲੀਮੀ ਸਹਿਜ ਸੰਜਮ ਵਿਚ ਜਿਹਦੇ ਵੀ ਦਰ ਗਿਆ ਪਾਣੀ।

ਕਿਸੇ ਪਾਬੰਦੀ ਦੀ 'ਬਾਲਮ' ਕੋਈ ਮਰਿਆਦਾ ਨਈਂ ਹੁੰਦੀ,
ਤੁੜਾ ਕੇ ਪੈਰਾਂ ਦੀ ਜ਼ੰਜੀਰ ਫਿਰ ਸਰ-ਸਰ ਗਿਆ ਪਾਣੀ।

## ਅਧਿਆਪਕ ਦਿਵਸ (ਕਵਿਤਾ)

ਕਿਸਮਤਾਂ ਨਾਲ ਹੀ ਬਣਦੇ ਨੇ
ਜੋ ਸਭ ਦੀਆਂ ਕਿਸਮਤਾਂ ਬਣਾਉਂਦੇ ਨੇ
ਰੱਬ ਦੀ ਨਜ਼ਰ ਸਵੱਲੀ ਉਹਨਾਂ 'ਤੇ
ਉਹ ਤਾਹੀਓਂ ਸਾਨੂੰ ਪੜ੍ਹਾਉਂਦੇ ਨੇ




ਜ਼ਿੰਦਗੀ ਕਿਵੇਂ ਹੈ ਜਿਓਣੀ ਹੁੰਦੀ
ਉਹ ਅਕਸਰ ਸਾਨੂੰ ਸਮਝਾਉਂਦੇ ਨੇ
ਉਹ ਖ਼ੁਦ ਵੀ ਮਿਹਨਤ ਕਰਦੇ ਨੇ
ਤੇ ਮਿਹਨਤ ਕਰਨੀ ਸਿਖਾਉਂਦੇ ਨੇ

ਸਾਡੀ ਖ਼ਾਤਿਰ ਖੁਦ ਨੂੰ ਬਾਲ ਕੇ
ਜੋ ਗਿਆਨ ਦੇ ਦੀਵੇ ਜਗਾਉਂਦੇ ਨੇ
ਝੂਠ ਦੇ ਹਨ੍ਹੇਰੇ 'ਚ ਭਟਕਦਿਆਂ ਨੂੰ
ਉਹ ਸੱਚ ਦਾ ਰਾਹ ਦਿਖਾਉਂਦੇ ਨੇ

ਸੱਜਦਾ ਉਹਨਾਂ ਅਧਿਆਪਕਾਂ ਨੂੰ
ਜੋ ਮਾਰਗ ਦਰਸ਼ਕ ਕਹਾਉਂਦੇ ਨੇ
'ਅਧਿਆਪਕ ਦਿਵਸ' ਮੁਬਾਰਕ ਉਨ੍ਹਾਂ ਨੂੰ
ਜੋ ਸਭ ਦਾ ਭਵਿੱਖ ਰੁਸ਼ਨਾਉਂਦੇ ਨੇ

ਵਰਲਡ ਪੰਜਾਬੀ ਟਾਈਮਜ਼
ਬੀਰਇੰਦਰਜੀਤ ਸਿੰਘ

## ਜਿਉਂਦਾ ਰਹਿਣ ਦੀ ਜਾਚ

ਜਿਉਂਦਾ ਰਹਿਣ ਦੀ ਜਾਚ ਉਸ ਬੰਦੇ ਨੂੰ ਹੁੰਦੀ ਹੈ।
ਜਿਹੜਾ ਬੰਦਾ ਬੁਝ ਸਕੇ ਜਿਸ ਸਮੇਂ।
ਉਹ ਆਪਣੇ ਕਿਸੇ ਕਰਤੱਵ ਦੀ ਪੂਰਤੀ ਲਈ ਆਪਣੀ ਜਾਨ ਵਾਰ ਸਕੇ।
ਜਦ ਭਾਰਤ ਵਿਚ ਬੰਦਿਆਂ ਨੇ ਸਿੰਘ ਬਣ ਕੇ ਸਹਿਦੀ ਪਾਉਣ ਦੀ ਜਾਚ ਸਿਖੀ।
ਧਰਮ ਲਈ ਜਾਨਾਂ ਦੇ ਕੇ ਸ਼ਹੀਦੀਆਂ ਪਾਈਆਂ ਸਨ
ਭਾਰਤ ਵਾਸੀਆਂ ਦੇ ਸਿਰਾਂ ਤੋਂ
ਗੈਰ ਮੁਲਕੀ ਹਮਲਿਆਂ ਦਾ ਕੰਲਕ ਲੱਥਿਆ ਸੀ।
ਜੇ ਭਾਰਤ ਦੇ ਬੰਦੇ ਜੀਵਨ ਵੀ ਇਹ ਜਾਚ ਨਾ ਸਿਖਦੇ।
ਕਾਬਲ ਵਾਲੈ ਪਾਸੇ ਤੋਂ ਭਾਰਤ ਵੱਲ ਗੈਰ ਮੁਲਕੀ ਹਮਲਿਆਂ ਦਾ ਦਰਿਆ ਵਗਦਾ ਰਹਿਣਾ ਸੀ।
ਜਿਸ ਦਰਿਆ ਦੇ ਕਾਰਨ ਸਾਡੇ ਦੇਸ਼ ਦੇ ਮਰਦਾਂ, ਇਸਤਰੀਆਂ ਦੀ ਬੇਪੱਤੀ ਸਮੇਤ ਹਰ ਪ੍ਰਕਾਰ ਦੇ।
ਕਹਿਰ ਸਾਡੇ ਦੇਸ਼ ਦੇ ਬੰਦਿਆਂ ਉੱਤੇ ਹੋਣੇ ਸਨ
।ਜਿਹੜੇ ਬੰਦੇ ਗੁਰੂ ਜੀ ਦੇ ਉਪਦੇਸ਼ ਨੂੰ ਨਹੀਂ ਮੰਨਿਆ।
ਉਨ੍ਹਾਂ ਦਾ ਬੁਰਾ ਹਾਲ ਹੁੰਦਾ ਰਹਿਣਾਂ ਸੀ।
ਗੁਰੂ ਜੀ ਨੇ ਧਰਮ ਲਈ ਜਾਨਾਂ ਵਾਰਨ ਦਾ ਉਪਦੇਸ਼ ਦਿੱਤਾ।
ਉਹ ਬੇਮੁੱਲੀਆਂ ਮੌਤਾਂ, ਕਾਇਰਤਾ ਦੀਆਂ ਮੌਤਾਂ ਦਾ ਹੈ।
ਜਦੋਂ ਭੈੜੇ ਬੰਦੇ ਲੋਕਾਂ ਉੱਤੇ ਜੁਲਮ ਕਰਨ ਲਈ ਇਕੱਠੇ ਹੋ ਜਾਣ।
ਨੇਕ ਬੰਦਿਆਂ ਨੂੰ ਉਨ੍ਹਾਂ ਨੂੰ ਮੁਕਾਬਲੇ ਕਰਨ ਲਈ ਇਕੱਠੇ ਹੋ ਕੇ ਤਿਆਰ ਰਹਿਣਾ ਚਾਹੀਦਾ ਹੈ।
ਜੇ ਨੇਕ ਬੰਦੇ ਇਝ ਨਾ ਕਰਨ ਤਾਂ ਉਹ ਚੁਪ ਚੁਪੀਤੇ ਮਾਰ ਖਾਈ ਜਾਣ ਗੇ।
ਉਹ ਮੌਤਾਂ ਕਦੀ ਵੀ ਇਤਹਾਸ ਦਾ ਹਿੱਸਾ ਨਹੀ ਬਣਗੀਆਂ।
ਸਾਨੂੰ ਸਮਾਜ ਕਲਿਆਣ ਲਈ ਧਨ ਤੇ ਦੇਦੇ ਹਨ ਨਾਲ ਸਾਨੂੰ
ਤਨ, ਮਨ ਦੀ ਵੀ ਸੇਵਾ ਕਰਨੀ ਹੈ।
ਜਿਉਂਦਾ ਰਹਿਣ ਦੀ ਜਾਚ ਤਾਂ ਹੀ ਆਵੇਗੀ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਜਦੋਂ ਮੈਂ ਹੜ੍ਹ ਵਿੱਚ ਘਿਰਿਆ



ਵਰਲਡ ਪੰਜਾਬੀ ਟਾਈਮਜ
ਪ੍ਰੋ. ਨਵ ਸੰਗੀਤ ਸਿੰਘ

ਮੇਰੇ ਸਾਹਮਣੇ ਪਿਛਲੇ ਇੱਕ ਹਫ਼ਤੇ ਦੇ ਅਖ਼ਬਾਰ ਪਏ ਹਨ। ਮੋਬਾਈਲ ਤੇ ਸਰਕਾਰ ਦੇ ਮੌਸਮ ਵਿਭਾਗ ਵੱਲੋਂ ਕਈ ਦਿਨਾਂ ਤੋਂ ਚਿਤਾਵਨੀ ਆ ਰਹੀ ਹੈ ਕਿ ਫਲਾਂ-ਫਲਾਂ ਜ਼ਿਲਿਆਂ ਵਿੱਚ ਤੇਜ਼ ਬਾਰਿਸ਼, ਬਿਜਲੀ ਡਿੱਗਣ ਦੀਆਂ ਸੰਭਾਵਨਾਵਾਂ ਹਨ, ਸੁਚੇਤ ਰਹੋ, ਐਮਰਜੈਂਸੀ ਵਿੱਚ ਫਲਾਂ ਨੰਬਰ ਤੇ ਸੰਪਰਕ ਕਰੋ...। ਅਖ਼ਬਾਰਾਂ ਦੀਆਂ ਸੁਰਖੀਆਂ ਵੇਖੋ – ਪੰਜਾਬ ਦਹਾਕਿਆਂ ਦੇ ਸਭ ਤੋਂ ਭਿਆਨਕ ਹੜ੍ਹਾਂ ਦੀ ਮਾਰ ਹੇਠ; ਪਟਿਆਲਾ ਜ਼ਿਲ੍ਹੇ ਵਿੱਚ ਪਿੰਡਾਂ ਦੇ ਲੋਕਾਂ ਨੂੰ ਚੌਕਸ ਰਹਿਣ ਨੂੰ ਕਿਹਾ; ਭਾਖੜਾ ਡੈਮ ਦੇ ਫਲੱਡ ਗੇਟ 11ਵੇਂ ਦਿਨ ਵੀ ਖੁੱਲ੍ਹੇ ਰਹੇ; ਓਵਰਫਲੋਅ ਯੂਬੀਡੀਸੀ ਨਹਿਰ ਨੇ ਪਠਾਨਕੋਟ 'ਚ ਕੀਤੀ ਤਬਾਹੀ; ਹੜ੍ਹ 'ਚ ਘਿਰੇ ਲੋਕਾਂ ਨੂੰ ਬਚਾਉਣ ਲਈ ਫੌਜ ਨੇ ਮੋਰਚਾ ਸੰਭਾਲਿਆ; ਇੱਕ ਲੱਖ ਏਕੜ ਫਸਲ ਬਰਬਾਦ; ਹੜ੍ਹ ਦੇ ਪਾਣੀ ਵਿੱਚ ਡੁੱਬੀ ਵਾਹਗਾ ਸਰਹੱਦ; ਪੰਜਾਬ ਵਿੱਚ ਹੜ੍ਹਾਂ ਦਾ ਕਹਿਰ- 42 ਮੌਤਾਂ; 739 ਪੱਕੇ ਘਰਾਂ ਨੂੰ ਨੁਕਸਾਨ; ਮਾਧੋਪੁਰ ਹੈੱਡਵਰਕਸ ਦੇ ਤਿੰਨ ਫਲੱਡ ਗੇਟ ਟੁੱਟੇ; ਹੜ੍ਹਾਂ ਦੀ ਸਥਿਤੀ ਹੋਈ ਬੇਕਾਬੂ; ਰਣਜੀਤ ਸਾਗਰ, ਪੌਂਗ ਤੇ ਨੰਗਲ ਡੈਮ 'ਚ ਪਾਣੀ ਖਤਰੇ ਦੇ ਨਿਸ਼ਾਨ ਨੇੜੇ ਪੁੱਜਾ- ਤਿੰਨੇ ਦਰਿਆ ਆਫ਼ਰੇ; ਪੰਜਾਬ ਵਿੱਚ ਹਰ ਪਾਸੇ ਪਾਣੀ-ਜ਼ਿੰਦਗੀ ਦੀ ਉਲਝੀ ਤਾਣੀ; ਪੰਜਾਬ ਵਿੱਚ ਇਤਿਹਾਸ ਦਾ ਸਭ ਤੋਂ ਵੱਡਾ ਹੜ੍ਹ .... ਇਤਿਆਦਿ ...।

32 ਸਾਲਾਂ ਤੋਂ ਬਾਦ ਮੈਂ ਇੱਕ ਵਾਰ ਫੇਰ ਪਟਿਆਲੇ ਦੀਆਂ ਬਰੂਹਾਂ ਤੇ ਹਾਂ। ਇੰਨੇ ਵਰ੍ਹੇ ਆਪਣੀ ਨੌਕਰੀ ਦੇ ਸਿਲਸਿਲੇ ਵਿੱਚ ਮਾਲਵਾ ਦੇਸ ਨਾਲ ਨਾਤਾ ਰਿਹਾ ਤੇ ਉੱਥੋਂ ਦਾ ਹੀ ਹੋ ਕੇ ਰਹਿ ਗਿਆ ਸਾਂ। ਦੁਬਾਰਾ ਪਟਿਆਲਾ ਵੱਸਣ ਕਰਕੇ ਮੇਰੇ ਜਾਣਕਾਰਾਂ, ਰਿਸ਼ਤੇਦਾਰਾਂ ਦੀਆਂ ਚਿਤਾਵਨੀਆਂ ਆ ਰਹੀਆਂ ਹਨ- "ਆਪਣਾ ਲੋੜੀਂਦਾ ਸਮਾਨ ਉਤਲੀ ਮੰਜ਼ਿਲ ਤੇ ਰੱਖ ਲਓ... ਹੜ੍ਹਾਂ ਦਾ ਭਾਰੀ ਖਤਰਾ ਹੈ... ।" ਇਨ੍ਹਾਂ ਚਿਤਾਵਨੀ ਦੇਣ ਵਾਲਿਆਂ ਨੂੰ ਪਤਾ ਹੈ ਕਿ 1993 ਦੇ ਹੜ੍ਹਾਂ ਵਿੱਚ ਮੇਰੇ ਨਾਲ ਕੀ ਵਾਪਰਿਆ ਸੀ ਤੇ ਅੱਜ ਵੀ ਉਹੋ ਜਿਹੇ ਹਾਲਾਤ ਬਣੇ ਹੋਏ ਹਨ।

ਹੜ੍ਹਾਂ ਬਾਰੇ ਸਧਾਰਨ ਲੋਕਾਂ ਨੂੰ ਸਤਹੀ ਕਿਸਮ ਦੀ ਜਾਣਕਾਰੀ ਤਾਂ ਇੰਨੀ ਕੁ ਹੈ ਕਿ ਇਸ ਵਿਚ ਘਿਰਿਆ ਵਿਅਕਤੀ ਕਈ ਵਾਰੀ ਬੜੀ ਮੁਸ਼ਕਲ ਨਾਲ ਆਪਣੀ ਜਾਨ ਬਚਾ ਸਕਦਾ ਹੈ ਪਰ ਹੜ੍ਹਾਂ ਨਾਲ ਦੋ-ਚਾਰ ਹੋਣ ਵਾਲਾ ਬੰਦਾ ਹੀ ਇਸਦੀ ਹਕੀਕਤ ਸਮਝਦਾ ਹੈ। 1 ਜੁਲਾਈ 1993 ਵਿਚ ਪਟਿਆਲੇ ਵਿਚ ਆਏ ਹੜ੍ਹਾਂ ਦੌਰਾਨ ਮੇਰਾ ਵਾਹ ਵੀ ਇਸ ਨਾਲ ਪਿਆ। ਇਸ ਸਮੇਂ ਮੈਂ ਮੌਤ ਨੂੰ ਕਾਫੀ ਨੇੜੇ ਹੋ ਕੇ ਵੇਖਿਆ। ਉਦੋਂ ਮੈਂ ਆਪਣੇ ਮਾਪਿਆਂ ਨਾਲ ਪਟਿਆਲੇ ਦੇ ਅਰਬਨ ਅਸਟੇਟ ਵਿਚ ਰਹਿੰਦਾ ਸਾਂ।

ਰਾਤੀਂ ਕਰੀਬ ਢਾਈ-ਤਿੰਨ ਵਜੇ ਕਾਲੋਨੀ ਦੇ ਗੁਰਦੁਆਰੇ ਤੋਂ ਹੜ੍ਹ ਦੀ ਸੂਚਨਾ ਦਿੱਤੀ ਗਈ। ਅਚਾਨਕ ਇਹ ਸੁਣ ਕੇ ਮੇਰੇ ਬਜ਼ੁਰਗ ਮਾਤਾ-ਪਿਤਾ ਘਬਰਾ ਗਏ ਤੇ ਉਨ੍ਹਾਂ ਨੇ ਮੈਨੂੰ ਵੀ ਸੁਚੇਤ ਹੋਣ ਲਈ ਪ੍ਰੇਰਿਆ। ਮਾਤਾ-ਪਿਤਾ ਨੂੰ ਮੈਂ ਇਹ ਕਹਿ ਕੇ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ ਕਿ ਮੈਂ ਸਮਾਨ ਸੰਭਾਲਦਾ ਹਾਂ, ਤੁਸੀਂ ਗੁਆਂਢੀਆਂ ਦੇ ਚੁਬਾਰੇ ਤੇ ਚਲੇ ਜਾਓ। ਮੈਂ ਅਗਲੇ ਦਿਨ ਕਿਤੇ ਨੌਕਰੀ ਲਈ ਇੰਟਰਵਿਊ ਤੇ ਜਾਣਾ ਸੀ। ਇਸ ਲਈ ਮੈਂ ਆਪਣੇ ਸਰਟੀਫਿਕੇਟ, ਪੁਸਤਕਾਂ ਤੇ ਹੋਰ ਪ੍ਰਕਾਸ਼ਿਤ ਸਮੱਗਰੀ ਆਪਣੇ ਨੇੜੇ ਰੱਖ ਲਈ ਸੀ। ਮੈਂ ਆਪਣੇ ਮਾਪਿਆਂ ਨੂੰ ਉਨ੍ਹਾਂ ਦੀ ਪ੍ਰੇਸ਼ਾਨੀ ਵੇਖ ਕੇ ਗੁਆਂਢ ਦੇ ਇਕ ਘਰ, ਜਿਨ੍ਹਾਂ ਦੇ ਚੁਬਾਰਾ ਬਣਿਆ ਹੋਇਆ ਸੀ, ਭੇਜ ਦਿੱਤਾ।

ਮੈਂ ਇਹ ਸੋਚ ਕੇ ਘਰ ਹੀ ਰਿਹਾ ਕਿ ਪਾਣੀ ਹੀ ਹੈ, ਆ ਕੇ ਚਲਾ ਜਾਵੇਗਾ, ਨਾਲੇ ਕਿੰਨਾ ਕੁ ਪਾਣੀ ਆਵੇਗਾ! ਸ਼ਾਇਦ ਪਰਮਾਤਮਾ ਨੇ ਮੈਨੂੰ ਪਾਣੀ ਦੀ ਸ਼ਕਤੀ ਤੇ ਸਮਰੱਥਾ ਦਾ ਬੋਧ ਕਰਵਾਉਣਾ ਸੀ। ਪਾਣੀ ਹੌਲੀ-ਹੌਲੀ ਘਰ ਵਿਚ ਦਾਖਲ ਹੋਣਾ ਸ਼ੁਰੂ ਹੋਇਆ। ਮੇਰੇ ਵਿੰਹਦੇ-ਵਿੰਹਦੇ ਪਾਣੀ ਨੇ ਬੈੱਡ, ਸੋਫਾ, ਟੀਵੀ, ਮੇਜ਼, ਫਰਿੱਜ ਆਦਿ ਵੱਡੀਆਂ ਤੇ ਭਾਰੀ ਚੀਜ਼ਾਂ ਨੂੰ ਮੂਧੇ ਮੂੰਹ ਉਲਟਾ ਦਿੱਤਾ। ਮੈਂ ਉਨ੍ਹਾਂ ਚੀਜ਼ਾਂ ਨੂੰ ਵਾਰ-ਵਾਰ ਸੰਭਾਲਦਾ, ਸੈੱਟ ਕਰਦਾ, ਪਰ ਪਾਣੀ ਸਾਹਮਣੇ ਮੇਰੀ ਕੋਈ ਪੇਸ਼ ਨਹੀਂ ਸੀ ਜਾ ਰਹੀ।

ਹਾਰ ਕੇ ਮੈਂ ਚੀਜ਼ਾਂ ਨੂੰ ਸੰਭਾਲਣਾ ਛੱਡ ਕੇ ਆਪਣੇ-ਆਪ ਨੂੰ ਬਚਾਉਣ ਦਾ ਆਹਰ ਕਰਨ ਲੱਗਾ। ਮੈਂ ਇਕ ਮੇਜ਼ 'ਤੇ ਸਟੂਲ ਰੱਖਿਆ ਅਤੇ ਉਹਦੇ 'ਤੇ ਖੜੋ ਕੇ ਛੱਤ ਵਾਲੇ ਪੱਖੇ ਨੂੰ ਹੱਥ ਪਾ ਲਿਆ ਕਿ ਪਾਣੀ ਇਥੋਂ ਤੱਕ ਤਾਂ ਪਹੁੰਚ ਨਹੀਂ ਸਕੇਗਾ। ਮੈਂ ਅਜੇ ਪੂਰੀ ਤਰ੍ਹਾਂ ਪੱਖੇ ਨੂੰ ਹੱਥ ਪਾ ਕੇ ਸੰਭਲਿਆ ਵੀ ਨਹੀਂ ਸਾਂ ਕਿ ਪਾਣੀ ਨੇ ਜ਼ੋਰ ਵਿਖਾਇਆ। ਮੇਰੇ ਹੇਠੋਂ ਸਟੂਲ ਅਤੇ ਮੇਜ਼ ਨਿਕਲ ਕੇ ਪਾਣੀ ਵਿਚ ਜਾ ਡਿੱਗੇ ਅਤੇ ਮੈਂ ਪੱਖੇ ਨਾਲ ਲਟਕ ਗਿਆ। ਮੇਰਾ ਕਮਰ ਤੋਂ ਹੇਠਲਾ ਸਰੀਰ ਪਾਣੀ ਵਿਚ ਸੀ ਅਤੇ ਜੁਲਾਈ ਦੇ ਗਰਮ ਮਹੀਨੇ ਵਿਚ ਪਾਣੀ ਇੰਨਾ ਠੰਡਾ ਸੀ ਕਿ ਬੰਦਾ ਯਖ਼ ਹੋ ਜਾਏ। ਇੰਨਾ ਸ਼ੁਕਰ ਸੀ ਕਿ ਬਿਜਲੀ ਵਿਭਾਗ ਵਲੋਂ ਬਿਜਲੀ ਬੰਦ ਕਰ ਦਿੱਤੀ ਗਈ ਸੀ, ਨਹੀਂ ਤਾਂ ਕੰਧਾਂ ਵਿਚ ਕਰੰਟ ਆਉਣ ਦਾ ਪੂਰਾ ਖਤਰਾ ਸੀ।

ਮੇਰੇ ਬਜ਼ੁਰਗ ਮਾਪਿਆਂ ਨੂੰ ਮੇਰੇ ਅਜੇ ਤੱਕ ਬਾਹਰ ਨਾ ਆਉਣ ਦੀ ਚਿੰਤਾ ਸੀ। ਉਨ੍ਹਾਂ ਨੇ ਦੋ ਤੈਰਨ ਵਾਲੇ ਮੁੰਡਿਆਂ ਨੂੰ ਆਪਣੀ ਚਿੰਤਾ ਦੱਸੀ, ਜਿਸ ਕਰਕੇ ਦੋਵੇਂ ਮੁੰਡੇ ਛੱਤਾਂ ਰਾਹੀਂ ਸਾਡੇ ਘਰ ਦੀ ਛੱਤ ਤੋਂ ਹੀ ਮੈਨੂੰ ਆਵਾਜ਼ਾਂ ਮਰਨ ਲੱਗੇ। ਮੈਂ ਉਨ੍ਹਾਂ ਨੂੰ ਅੰਦਰੋਂ ਹੀ ਉਚੀ ਆਵਾਜ਼ ਵਿਚ ਕਹਿ ਕੇ ਸੁਣਾਇਆ ਕਿ ਮੈਂ ਪੱਖੇ ਨੂੰ ਫੜੀ ਲਟਕ ਰਿਹਾ ਹਾਂ। ਉਨ੍ਹਾਂ ਨੇ ਕਿਹਾ ਕਿ ਹੇਠਾਂ ਪਾਣੀ ਵਿਚ ਛਾਲ ਮਾਰ ਕੇ ਬਾਹਰ ਵਿਹੜੇ ਵਿਚ ਆ ਜਾਓ, ਜਿਥੋਂ ਉਹ ਮੈਨੂੰ ਕੋਠੇ 'ਤੇ ਲਿਜਾ ਸਕਣਗੇ, ਪਰ ਮੈਂ ਅਜਿਹਾ ਕਰਨ ਤੋਂ ਅਸਮਰੱਥਤਾ ਪ੍ਰਗਟ ਕੀਤੀ।

ਖੈਰ, ਉਨ੍ਹਾਂ ਨੇ ਜਿਵੇਂ-ਕਿਵੇਂ ਕੋਠੇ ਤੋਂ ਹੀ ਹੇਠਾਂ ਪਾਣੀ

ਛਾਲਾਂ ਮਾਰੀਆਂ ਤੇ ਤੈਰਦੇ ਹੋਏ ਉਸ ਕਮਰੇ ਵਿਚ ਆ ਗਏ, ਜਿਥੇ ਮੈਂ ਲਟਕਿਆ ਹੋਇਆ ਸਾਂ। ਉਨ੍ਹਾਂ ਨੇ ਮੈਨੂੰ ਹੱਥ ਛੱਡਣ ਲਈ ਕਿਹਾ ਤਾਂ ਮੈਂ ਡਰਦੇ-ਡਰਦੇ ਪਾਣੀ ਵਿਚ ਛਾਲ ਮਾਰੀ। ਉਨ੍ਹਾਂ ਮੁੰਡਿਆਂ ਦੀ ਮਦਦ ਨਾਲ ਮੈਂ ਵੀ ਕੋਠੇ 'ਤੇ ਚੜ੍ਹ ਗਿਆ ਅਤੇ ਮੌਤ ਤੋਂ ਮੁਕਤੀ ਪ੍ਰਾਪਤ ਕੀਤੀ। ਅਗਲੇ ਤਿੰਨ-ਚਾਰ ਦਿਨਾਂ ਤੱਕ ਹੜ੍ਹ ਦਾ ਪਾਣੀ ਕਾਲੋਨੀ ਦੇ ਘਰਾਂ ਵਿਚ ਉਵੇਂ ਹੀ ਘਰ ਬਣਾਈ ਬੈਠਾ ਰਿਹਾ।

ਅਸੀਂ ਕਾਫੀ ਪਰਿਵਾਰ ਤਿੰਨੇ ਦਿਨ ਇਕੋ ਚੁਬਾਰੇ ਵਿਚ ਤਰਸਯੋਗ ਹਾਲਤ ਵਿਚ ਰਹੇ। ਔਰਤਾਂ ਤਾਂ ਮਾੜਾ-ਮੋਟਾ ਆਰਾਮ ਕਰ ਲੈਂਦੀਆਂ ਪਰ ਮਰਦ ਤੇ ਬੱਚੇ ਛੱਤਾਂ 'ਤੇ ਘੁੰਮਦੇ ਰਹਿੰਦੇ। ਪਾਣੀ ਦੇ ਘਟਣ ਪਿਛੋਂ ਆਸਪਾਸ ਦੇ ਪਿੰਡਾਂ ਤੋਂ ਲੋਕੀਂ ਭੋਜਨ, ਦੁੱਧ ਤੇ ਖਾਣ-ਪੀਣ ਦੀਆਂ ਹੋਰ ਚੀਜ਼ਾਂ ਰੇੜ੍ਹਿਆਂ ਤੇ ਲੈ ਕੇ ਆਉਂਦੇ ਰਹੇ ਤੇ ਉਪਰ ਬੈਠੇ ਬੇਸਹਾਰਾ ਲੋਕਾਂ ਨੂੰ ਦਿੰਦੇ ਰਹੇ। ਫਿਰ ਇਕ ਦਿਨ ਸਰਕਾਰੀ ਹੈਲੀਕਾਪਟਰ ਵੀ ਆਇਆ। ਜਿਸ ਵੱਲੋਂ ਬਹੁਤ ਸਾਰੇ ਖਾਣੇ ਦੇ ਪੈਕੇਟ ਤੇ ਦਵਾਈਆਂ ਹੇਠਾਂ ਸੁੱਟੀਆਂ ਗਈਆਂ।

ਵਧੇਰੇ ਚੀਜ਼ਾਂ ਤਾਂ ਪਾਣੀ ਵਿਚ ਹੀ ਡਿੱਗ ਗਈਆਂ, ਕੁਝ ਕੁ ਹੀ ਹੜ੍ਹ-ਪੀੜਤ ਲੋਕਾਂ ਦੇ ਹੱਥ ਲੱਗੀਆਂ। ਹੈਲੀਕਾਪਟਰ ਦਾ ਹੋਰ ਨੁਕਸਾਨ ਇਹ ਹੋਇਆ ਕਿ ਇਸਦੇ ਤੇਜ਼ ਚੱਲਣ ਵਾਲੇ ਖੰਭਾਂ ਨਾਲ ਬਹੁਤ ਸਾਰੀਆਂ ਸੁੱਕੀਆਂ ਹੋਈਆਂ ਚੀਜ਼ਾਂ, ਜਿਨ੍ਹਾਂ ਵਿਚ ਰਜ਼ਾਈਆਂ ਵਗੈਰਾ ਵੀ ਸਨ, ਫਿਰ ਤੋਂ ਹੇਠਾਂ ਪਾਣੀ ਵਿਚ ਡਿੱਗ ਪਈਆਂ।

ਇਸ ਹੜ੍ਹ ਵਿਚ ਮੇਰੀਆਂ ਕਰੀਬ ਲੱਖ ਡੇਢ ਲੱਖ (ਉਸ ਸਮੇਂ ਦੀ ਰਕਮ) ਮੁੱਲ ਦੀਆਂ ਬਹੁਮੁੱਲੀਆਂ ਪੁਸਤਕਾਂ ਪਾਣੀ ਦੀ ਭੇਟ ਚੜ੍ਹ ਗਈਆਂ। ਅੱਜ ਵੀ ਜਦੋਂ ਕਿਧਰੇ ਹੜ੍ਹਾਂ ਦੀ ਖਬਰ ਸੁਣਦਾ ਹਾਂ ਤਾਂ ਮੈਨੂੰ ਆਪਣੇ ਨਾਲ ਵਾਪਰੇ ਘਟਨਾਕ੍ਰਮ ਦਾ ਚੇਤਾ ਆ ਜਾਂਦਾ ਹੈ। ਇਸ ਘਟਨਾ ਤੋਂ ਕਰੀਬ ਛੇ ਸਾਲ ਬਾਅਦ ਮੈਂ ਗ੍ਰਹਿਸਥੀ ਧਾਰਨ ਕੀਤੀ ਅਤੇ ਆਪਣੀ ਸੁਪਤਨੀ ਨੂੰ ਹੜ੍ਹਾਂ ਦੀ ਇਹ ਦੁਖਦਾਈ ਹੱਡਬੀਤੀ ਸੁਣਾਈ ਤਾਂ ਪਤਨੀ ਨੇ ਹੱਥ ਜੋੜ ਕੇ ਪਰਮਾਤਮਾ ਦਾ ਸ਼ੁਕਰ ਕਰਦਿਆਂ ਕਿਹਾ "ਤੁਸੀਂ ਜੁ ਮੇਰੇ ਲੜ ਲਗਣਾ ਸੀ, ਇਸੇ ਲਈ 'ਉਸਨੇ' ਤੁਹਾਨੂੰ ਬਚਾ ਲਿਆ।"